# Shabad Hazaray

## ਸ਼ਬਦ ਹਜ਼ਾਰੇ

Various Gurus

**GURMUKHI, TRANSLITERATION AND ENGLISH**

**Listen along in the Simran app**
Shabad Hazaray with audio, on iPhone and Android

*Please treat printed Gurbani with respect.*

## ਸ਼ਬਦ ਹਜ਼ਾਰੇ

shabadh hazaare

### ਮਾਝ ਮਹਲਾ ੫ ਚਉਪਦੇ ਘਰੁ ੧ ॥

maajh mahalaa panjavaa chaupadhe ghar pehilaa ||

Maajh, Fifth Mehla, Chau-Padhay, First House:

### ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥

meraa man lochai gur dharasan taiee ||

My mind longs for the Blessed Vision of the Guru's Darshan.

### ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

bilap kare chaatirak kee niaaiee ||

It cries out like the thirsty song-bird.

### ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

tirakhaa na utarai saa(n)t na aavai bin dharasan sa(n)t piaare jeeau ||1||

My thirst is not quenched, and I can find no peace, without the Blessed Vision of the Beloved Saint. ||1||

### ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

hau gholee jeeau ghol ghumaiee gur dharasan sa(n)t piaare jeeau ||1|| rahaau ||

I am a sacrifice, my soul is a sacrifice, to the Blessed Vision of the Beloved Saint Guru. ||1||Pause||

### ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥

teraa mukh suhaavaa jeeau sahaj dhun baanee ||

Your Face is so Beautiful, and the Sound of Your Words imparts intuitive wisdom.

## ਚਿਰੁ ਹੋਆ ਦੇਖੇ ਸਾਰਿੰਗਪਾਣੀ ॥

chir hoaa dhekhe saari(n)gapaanee ||

It is so long since this rainbird has had even a glimpse of water.

## ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

dha(n)nu su dhes jahaa too(n) vasiaa mere sajan meet muraare jeeau ||2||

Blessed is that land where You dwell, O my Friend and Intimate Divine Guru. ||2||

## ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥

hau gholee hau ghol ghumaiee gur sajan meet muraare jeeau ||1|| rahaau ||

I am a sacrifice, I am forever a sacrifice, to my Friend and Intimate Divine Guru. ||1||Pause||

## ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥

eik ghaRee na milate taa kalijug hotaa ||

When I could not be with You for just one moment, the Dark Age of Kali Yuga dawned for me.

## ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥

hun kadh mileeaai pria tudh bhagava(n)taa ||

When will I meet You, O my Beloved Lord?

## ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

moh rain na vihaavai needh na aavai bin dhekhe gur dharabaare jeeau ||3||

I cannot endure the night, and sleep does not come, without the Sight of the Beloved Guru's Court. ||3||

## ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

hau gholee jeeau ghol ghumaiee tis sache gur dharabaare jeeau ||1|| rahaau ||

I am a sacrifice, my soul is a sacrifice, to that True Court of the Beloved Guru. ||1||Pause||

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥

bhaag hoaa gur sa(n)t milaiaa ||

By good fortune, I have met the Saint Guru.

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥

prabh abinaasee ghar meh paiaa ||

I have found the Immortal Lord within the home of my own self.

ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥

sev karee pal chasaa na vichhuRaa jan naanak dhaas tumaare jeeau ||4||

I will now serve You forever, and I shall never be separated from You, even for an instant. Servant Nanak is Your slave, O Beloved Master. ||4||

ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥

hau gholee jeeau ghol ghumaiee jan naanak dhaas tumaare jeeau || rahaau ||1||8||

I am a sacrifice, my soul is a sacrifice; servant Nanak is Your slave, Lord. ||Pause||1||8||

## ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ikOankaar sat naam karataa purakh nirabhau niravair akaal moorat ajoonee saibha(n) gur prasaadh ||

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

## ਧਨਾਸਰੀ ਮਹਲਾ ੧ ਘਰੁ ੧ ਚਉਪਦੇ

dhanaasaree mahalaa pehilaa ghar pehilaa chaupadhe

Dhanaasaree, First Mehla, First House, Chau-Padhay:

## ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ikOankaar sat naam karataa purakh nirabhau niravair akaal moorat ajoonee saibha(n) gur prasaadh ||

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

## ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥

jeeau ddarat hai aapanaa kai siau karee pukaar ||

My soul is afraid; to whom should I complain?

## ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥

dhookh visaaran seviaa sadhaa sadhaa dhaataar ||1||

I serve Him, who makes me forget my pains; He is the Giver, forever and ever. ||1||

## ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥

saahib meraa neet navaa sadhaa sadhaa dhaataar ||1|| rahaau ||

My Lord and Master is forever new; He is the Giver, forever and ever. ||1||Pause||

## ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥

anadhin saahib seveeaai a(n)t chhaddaae soi ||

Night and day, I serve my Lord and Master; He shall save me in the end.

## ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥

sun sun meree kaamanee paar utaaraa hoi ||2||

Hearing and listening, O my dear sister, I have crossed over. ||2||

## ਦਇਆਲ ਤੇਰੈ ਨਾਮਿ ਤਰਾ ॥

dhiaal terai naam taraa ||

O Merciful Lord, Your Name carries me across.

## ਸਦ ਕੁਰਬਾਣੈ ਜਾਉ ॥੧॥ ਰਹਾਉ ॥

sadh kurabaanai jaau ||1|| rahaau ||

I am forever a sacrifice to You. ||1||Pause||

## ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥

saraba(n) saachaa ek hai dhoojaa naahee koi ||

In all the world, there is only the One True Lord; there is no other at all.

## ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥

taa kee sevaa so kare jaa kau nadhar kare ||3||

He alone serves the Lord, upon whom the Lord casts His Glance of Grace. ||3||

## ਤੁਧੁ ਬਾਝੁ ਪਿਆਰੇ ਕੇਵ ਰਹਾ ॥

tudh baajh piaare kev rahaa ||

Without You, O Beloved, how could I even live?

## ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥

saa vaddiaaiee dheh jit naam tere laag rahaa(n) ||

Bless me with such greatness, that I may remain attached to Your Name.

## ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥

dhoojaa naahee koi jis aagai piaare jai kahaa ||1|| rahaau ||

There is no other, O Beloved, to whom I can go and speak. ||1||Pause||

## ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥

sevee saahib aapanaa avar na jaacha(n)au koi ||

I serve my Lord and Master; I ask for no other.

## ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥

naanak taa kaa dhaas hai bi(n)dh bi(n)dh chukh chukh hoi ||4||

Nanak is His slave; moment by moment, bit by bit, he is a sacrifice to Him. ||4||

## ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥

saahib tere naam viTahu bi(n)dh bi(n)dh chukh chukh hoi ||1|| rahaau ||4||1||

O Lord Master, I am a sacrifice to Your Name, moment by moment, bit by bit. ||1||Pause||4||1||

## ੧ਓ ਸਤਿਗੁਰ ਪ੍ਰਸਾਦਿ ॥

ikOankaar satigur prasaadh ||

One Universal Creator God. By The Grace Of The True Guru:

## ਤਿਲੰਗ ਮਹਲਾ ੧ ਘਰੁ ੩

tila(n)g mahalaa pehilaa ghar teejaa

Tilang, First Mehla, Third House:


## ੧ਓ ਸਤਿਗੁਰ ਪ੍ਰਸਾਦਿ ॥

ikOankaar satigur prasaadh ||

One Universal Creator God. By The Grace Of The True Guru:


### ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥

eih tan maiaa paahiaa piaare leetaRaa lab ra(n)gaae ||

This body fabric is conditioned by Maya, O beloved; this cloth is dyed in greed.

### ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥

merai ka(n)t na bhaavai cholaRaa piaare kiau dhan sejai jaae ||1||

My Husband Lord is not pleased by these clothes, O Beloved; how can the soul-bride go to His bed? ||1||

### ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥

ha(n)au kurabaanai jaau miharavaanaa ha(n)au kurabaanai jaau ||

I am a sacrifice, O Dear Merciful Lord; I am a sacrifice to You.

### ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥

ha(n)au kurabaanai jaau tinaa kai lain jo teraa naau ||

I am a sacrifice to those who take to Your Name.

## ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥

lain jo teraa naau tinaa kai ha(n)au sadh kurabaanai jaau ||1|| rahaau ||

Unto those who take to Your Name, I am forever a sacrifice. ||1||Pause||

## ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥

kaiaa ra(n)n(g)n je theeaai piaare paieeaai naau majeeTh ||

If the body becomes the dyer's vat, O Beloved, and the Name is placed within it as the dye,

## ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥

ra(n)n(g)n vaalaa je ra(n)n(g)ai saahib aaisaa ra(n)g na ddeeTh ||2||

and if the Dyer who dyes this cloth is the Lord Master - O, such a color has never been seen before! ||2||

## ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥

jin ke chole rataRe piaare ka(n)t tinaa kai paas ||

Those whose shawls are so dyed, O Beloved, their Husband Lord is always with them.

## ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥

dhooR tinaa kee je milai jee kahu naanak kee aradhaas ||3||

Bless me with the dust of those humble beings, O Dear Lord. Says Nanak, this is my prayer. ||3||

## ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥

aape saaje aape ra(n)ge aape nadhar karei ||

He Himself creates, and He Himself imbues us. He Himself bestows His Glance of Grace.

ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥

naanak kaaman ka(n)tai bhaavai aape hee raavei ||4||1||3||

O Nanak, if the soul-bride becomes pleasing to her Husband Lord, He Himself enjoys her. ||4||1||3||

## ਤਿਲੰਗ ਮਃ ੧ ॥

tila(n)g mahalaa pehilaa ||

Tilang, First Mehla:

ਇਆਨੜੀਏ ਮਾਨੜਾ ਕਾਇ ਕਰੇਹਿ ॥

eiaanaRe'e maanaRaa kai kareh ||

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥

aapanaRai ghar har ra(n)go kee na maaneh ||

Within the home of your own self, why do you not enjoy the Love of your Lord?

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥

sahu neRai dhan ka(n)male'ee baahar kiaa ddooddeh ||

Your Husband Lord is so very near, O foolish bride; why do you search for Him outside?

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥

bhai keeaa dheh salaieeaa nainee bhaav kaa kar seegaaro ||

Apply the Fear of God as the maascara to adorn your eyes, and make the Love of the Lord your ornament.

ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥

taa sohaagan jaaneeaai laagee jaa sahu dhare piaaro ||1||

Then, you shall be known as a devoted and committed soul-bride, when you enshrine love for your Husband Lord. ||1||

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥

eiaanee baalee kiaa kare jaa dhan ka(n)t na bhaavai ||

ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥

karan palaeh kare bahutere saa dhan mahal na paavai ||
She may plead and implore so many times, but still, such a bride shall not obtain the Mansion of the Lord's Presence.

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥

vin karamaa kichh paieeaai naahee je bahuteraa dhaavai ||
Without the karma of good deeds, nothing is obtained, although she may run around frantically.

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥

lab lobh aha(n)kaar kee maatee maiaa maeh samaanee ||
She is intoxicated with greed, pride and egotism, and engrossed in Maya.

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥

einee baatee sahu paieeaai naahee bhiee kaaman iaanee ||2||

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥

jai puchhahu sohaaganee vaahai kinee baatee sahu paieeaai ||
Go and ask the happy, pure soul-brides, how did they obtain their Husband Lord?

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥

jo kichh kare so bhalaa kar maaneeaai hikamat hukam chukaieeaai ||
Whatever the Lord does, accept that as good; do away with your own cleverness and self-will.

## ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥

jaa kai prem padhaarath paieeaai tau charanee chit laieeaai ||

By His Love, true wealth is obtained; link your consciousness to His lotus feet.

## ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥

sahu kahai so keejai tan mano dheejai aaisaa paramal laieeaai ||

As your Husband Lord directs, so you must act; surrender your body and mind to Him, and apply this perfume to yourself.

## ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥

ev kaheh sohaaganee bhaine inee baatee sahu paieeaai ||3||

So speaks the happy soul-bride, O sister; in this way, the Husband Lord is obtained. ||3||

## ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥

aap gavaieeaai taa sahu paieeaai aaur kaisee chaturaiee ||

Give up your selfhood, and so obtain your Husband Lord; what other clever tricks are of any use?

## ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥

sahu nadhar kar dhekhai so dhin lekhai kaaman nau nidh paiee ||

When the Husband Lord looks upon the soul-bride with His Gracious Glance, that day is historic - the bride obtains the nine treasures.

## ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥

aapane ka(n)t piaaree saa sohaagan naanak saa sabharaiee ||

She who is loved by her Husband Lord, is the true soul-bride; O Nanak, she is the queen of all.

## ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥

aaisai ra(n)g raatee sahaj kee maatee ahinis bhai samaanee ||

Thus she is imbued with His Love, intoxicated with delight; day and night, she is absorbed in His Love.

ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥

su(n)dhar sai saroop bichakhan kaheeaai saa siaanee ||4||2||4||

She is beautiful, glorious and brilliant; she is known as truly wise. ||4||2||4||

ਸੂਹੀ ਮਹਲਾ ੧ ॥

soohee mahalaa pehilaa ||

Soohee, First Mehla:

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥

kaun taraajee kavan tulaa teraa kavan saraaf bulaavaa ||

What scale, what weights, and what assayer shall I call for You, Lord?

ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥

kaun guroo kai peh dheekhiaa levaa kai peh mul karaavaa ||1||

From what guru should I receive instruction? By whom should I have Your value appraised? ||1||

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥

mere laal jeeau teraa a(n)t na jaanaa ||

O my Dear Beloved Lord, Your limits are not known.

ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥

too(n) jal thal maheeal bharipur leenaa too(n) aape sarab samaanaa ||1|| rahaau ||

You pervade the water, the land, and the sky; You Yourself are All-pervading. ||1||Pause||

ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥

man taaraajee chit tulaa teree sev saraaf kamaavaa ||

Mind is the scale, consciousness the weights, and the performance of Your service is the appraiser.

## ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥

ghaT hee bheetar so sahu tolee in bidh chit rahaavaa ||2||

Deep within my heart, I weigh my Husband Lord; in this way I focus my consciousness. ||2||

## ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥

aape ka(n)ddaa tol taraajee aape tolanahaaraa ||

You Yourself are the balance, the weights and the scale; You Yourself are the weigher.

## ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥

aape dhekhai aape boojhai aape hai vanajaaraa ||3||

You Yourself see, and You Yourself understand; You Yourself are the trader. ||3||

## ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥

a(n)dhulaa neech jaat paradhesee khin aavai til jaavai ||

## ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥

taa kee sa(n)gat naanak rahadhaa kiau kar mooRaa paavai ||4||2||9||

In its company, Nanak dwells; how can the fool attain the Lord? ||4||2||9||

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ikOankaar sat naam karataa purakh nirabhau niravair akaal moorat ajoonee saibha(n) gur prasaadh ||

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

raag bilaaval mahalaa pehilaa chaupadhe ghar pehilaa ||

Raag Bilaaval, First Mehla, Chau-Padhay, First House:

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥

too sulataan kahaa hau meeaa teree kavan vaddaiee ||

You are the Emperor, and I call You a chief - how does this add to Your greatness?

ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥

jo too dheh su kahaa suaamee mai moorakh kahan na jaiee ||1||

ਤੇਰੇ ਗੁਣ ਗਾਵਾ ਦੇਹਿ ਬੁਝਾਈ ॥

tere gun gaavaa dheh bujhaiee ||

Please bless me with such understanding, that I may sing Your Glorious Praises.

ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥

jaise sach meh rahau rajaiee ||1|| rahaau ||

May I dwell in Truth, according to Your Will. ||1||Pause||

## ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥

jo kichh hoaa sabh kichh tujh te teree sabh asanaiee ||

Whatever has happened, has all come from You. You are All-knowing.

## ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥

teraa a(n)t na jaanaa mere saahib mai a(n)dhule kiaa chaturaiee ||2||

Your limits cannot be known, O my Lord and Master; I am blind - what wisdom do I have? ||2||

## ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥

kiaa hau kathee kathe kath dhekhaa mai akath na kathanaa jaiee ||

What should I say? While talking, I talk of seeing, but I cannot describe the indescribable.

## ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥

jo tudh bhaavai soiee aakhaa til teree vaddiaaiee ||3||

As it pleases Your Will, I speak; it is just the tiniest bit of Your greatness. ||3||

## ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

ete kookar hau begaanaa bhaukaa is tan taiee ||

Among so many dogs, I am an outcast; I bark for my body's belly.

## ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥

bhagat heen naanak je hoigaa taa khasamai naau na jaiee ||4||1||

Without devotional worship, O Nanak, even so, still, my Master's Name does not leave me. ||4||1||

## ਬਿਲਾਵਲੁ ਮਹਲਾ ੧ ॥

bilaaval mahalaa pehilaa ||

Bilaawal, First Mehla:

### ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥

man ma(n)dhar tan ves kala(n)dhar ghaT hee teerath naavaa ||

My mind is the temple, and my body is the simple cloth of the humble seeker; deep within my heart, I bathe at the sacred shrine.

### ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥

ek sabadh merai praan basat hai baahuR janam na aavaa ||1||

The One Word of the Shabad abides within my mind; I shall not come to be born again. ||1||

### ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥

man bedhiaa dhiaal setee meree maiee ||

My mind is pierced through by the Merciful Lord, O my mother!

### ਕਉਣੁ ਜਾਣੈ ਪੀਰ ਪਰਾਈ ॥

kaun jaanai peer paraiee ||

Who can know the pain of another?

### ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥

ham naahee chi(n)t paraiee ||1|| rahaau ||

I think of none other than the Lord. ||1||Pause||

### ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥

agam agochar alakh apaaraa chi(n)taa karahu hamaaree ||

O Lord, inaccessible, unfathomable, invisible and infinite: please, take care of me!

## ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ ॥੨॥

jal thal maheeal bharipur leenaa ghaT ghaT jot tum(h)aaree ||2||

In the water, on the land and in sky, You are totally pervading. Your Light is in each and every heart. ||2||

## ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥

sikh mat sabh budh tum(h)aaree ma(n)dhir chhaavaa tere ||

All teachings, instructions and understandings are Yours; the mansions and sanctuaries are Yours as well.

## ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥

tujh bin avar na jaanaa mere saahibaa gun gaavaa nit tere ||3||

Without You, I know no other, O my Lord and Master; I continually sing Your Glorious Praises. ||3||

## ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥

jeea ja(n)t sabh saran tum(h)aaree sarab chi(n)t tudh paase ||

All beings and creatures seek the Protection of Your Sanctuary; all thought of their care rests with You.

## ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥

jo tudh bhaavai soiee cha(n)gaa ik naanak kee aradhaase ||4||2||

That which pleases Your Will is good; this alone is Nanak's prayer. ||4||2||

## Keep Shabad Hazaray with you

Listen and follow along, keep your place, and get a daily reminder. The Simran app for iPhone and Android.

Scan with your phone camera